## ਮੈਂ ਕਿਸੇ ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਨਾਲ ਕਿਵੇਂ ਜੁੜਨਾ ਹੈ?

**How do I connect with a Spiritual Health Practitioner?**

ਆਪਣੀ ਹੈਲਥ ਕੇਅਰ ਟੀਮ ਦੇ ਕਿਸੇ ਮੈਂਬਰ ਨੂੰ ਕਹੋ ਕਿ ਉਹ ਤੁਹਾਨੂੰ ਮਿਲਣ ਲਈ ਕਿਸੇ ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਦੀ ਮੰਗ ਕਰੇ। ਅਸੀਂ ਤੁਹਾਡੀ ਮੰਗ ਤੁਹਾਡੇ ਇਲਾਕੇ ਵਿਚਲੇ ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਨੂੰ ਭੇਜਦੇ ਹਾਂ।

ਤੁਸੀਂ ਆਪਣੇ ਇਲਾਕੇ ਲਈ ਹੇਠਲੇ ਨੰਬਰ 'ਤੇ ਫੋਨ ਵੀ ਕਰ ਸਕਦੇ ਹੋ।

| | |
|---|---|
| ਬਰਨਬੀ ਨਿਊ<br>ਵੈਸਟਮਿਨਸਟਰ<br>ਟ੍ਰਾਈ-ਸਿਟੀਜ਼<br>ਰਿਜ ਮੀਡੋਜ਼ | ਕੈਥਰੀਨ ਕੈਲਜ਼ਾਵਾਰਾ<br>604-551-1237 |
| ਲੈਂਗਲੀ<br>ਮਿਸ਼ਨ<br>ਐਬਟਸਫੋਰਡ<br>ਚਿਲੀਵੈਕ<br>ਐਗਾਸੀਜ਼<br>ਹੋਪ | ਜਿਮਿਨ ਚੁੰਗ<br>604-897-1838 |
| ਸਰੀ<br>ਵਾਈਟ ਰੌਕ<br>ਡੈਲਟਾ | ਸ਼ੇਨ ਫਲੈਨੇਗਨ<br>604-897-3719 |

ਸਾਡੇ ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਸੋਮਵਾਰ ਤੋਂ ਲੈ ਕੇ ਸ਼ੁਕਰਵਾਰ ਤੱਕ ਉਪਲਬਧ ਹਨ।

**ਅਸੀਂ ਅਧਿਆਤਮਿਕ ਅਨੁਭਵ ਵਾਲੇ ਮਨੁੱਖੀ ਜੀਵ ਨਹੀਂ ਹਾਂ; ਅਸੀਂ ਮਨੁੱਖੀ ਤਜਰਬੇ ਵਾਲੇ ਅਧਿਆਤਮਿਕ ਜੀਵ ਹਾਂ।**

*– ਪੀਅਰ ਟਾਇਲਹਾਰਡ ਦਾ ਛਾਰਡਾਇਨ*

www.fraserhealth.ca

ਇਹ ਜਾਣਕਾਰੀ ਉਸ ਸਲਾਹ ਦੀ ਥਾਂ ਨਹੀਂ ਲੈਂਦੀ ਜਿਹੜੀ ਤੁਹਾਨੂੰ ਤੁਹਾਡੇ ਹੈਲਥ ਕੇਅਰ ਪ੍ਰੋਵਾਈਡਰ ਵਲੋਂ ਦਿੱਤੀ ਗਈ ਸੀ।

Catalogue #268412 (May 2023) Punjabi
For more copies: patienteduc.fraserhealth.ca

Punjabi

# ਅਧਿਆਤਮਿਕ ਸਿਹਤ ਕੀ ਹੈ?

# What is Spiritual Health?

ਪੈਲੀਏਟਿਵ ਕੇਅਰ ਨੈੱਟਵਰਕ



Photo by Rémi Walle on Unsplash

## ਮਰੀਜ਼ਾਂ ਅਤੇ ਪਰਿਵਾਰਾਂ ਲਈ ਜਾਣਕਾਰੀ

fraserhealth

## ਅਧਿਆਤਮਿਕ ਸਿਹਤ ਕੀ ਹੈ?

**What is Spiritual Health?**

ਅਧਿਆਤਮਿਕ ਸਿਹਤ ਸਮੁੱਚੇ ਵਿਅਕਤੀ ਦੀ ਦੇਖਭਾਲ ਦਾ ਹਿੱਸਾ ਹੈ।

ਅਧਿਆਤਮਿਕਤਾ ਸਾਡੇ ਹਰ ਇਕ ਵਿਚ ਉਹ ਹਿੱਸਾ ਹੈ ਜਿਹੜਾ ਸਾਡੀ ਜ਼ਿੰਦਗੀ ਨੂੰ ਅਰਥ ਅਤੇ ਮੰਤਵ ਦਿੰਦਾ ਹੈ। ਹਰ ਵਿਅਕਤੀ ਇਸ ਨੂੰ ਵੱਖਰੇ ਢੰਗ ਨਾਲ ਸਮਝਦਾ ਅਤੇ ਪ੍ਰਗਟ ਕਰਦਾ ਹੈ।

## ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਕੀ ਹਨ?

**What are Spiritual Health Practitioners?**

ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ (ਅਧਿਆਤਮਿਕ ਸਿਹਤ ਦੇ ਪ੍ਰੈਕਟੀਸ਼ਨਰ) ਪੈਲੀਏਟਿਵ ਕੇਅਰ ਟੀਮ ਦਾ ਹਿੱਸਾ ਹਨ। ਉਹ ਤੁਹਾਡੇ ਅਧਿਆਤਮਿਕ ਅਤੇ ਸਭਿਆਚਾਰਕ ਨਿਸ਼ਚਿਆਂ 'ਤੇ ਧਿਆਨ ਕੇਂਦਰਿਤ ਕਰਦੇ ਹੋਏ ਸਮੁੱਚੇ ਵਿਅਕਤੀ ਦੀ ਦੇਖਭਾਲ ਕਰਦੇ ਹਨ। ਉਨ੍ਹਾਂ ਦਾ ਉਦੇਸ਼ ਤੁਹਾਨੂੰ ਸਮਝਣਾ ਅਤੇ ਤੁਹਾਡੇ ਇਨ੍ਹਾਂ ਦੀ ਮਦਦ ਕਰਨਾ ਹੈ:

- ਵਿਸ਼ਵਾਸ
- ਕਦਰਾਂ-ਕੀਮਤਾਂ
- ਰਹਿਣੀ ਬਹਿਣੀ
- ਰਵਾਇਤਾਂ
- ਸਭਿਆਚਾਰਕ ਅਮਲ
- ਜਜ਼ਬਾਤੀ ਤੰਦਰੁਸਤੀ

## ਮੈਨੂੰ ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਨੂੰ ਕਦੋਂ ਸੱਦਣਾ ਚਾਹੀਦਾ ਹੈ?

**When should I call a Spiritual Health Practitioner?**

- ਜੇ ਤੁਸੀਂ ਭਾਵਨਾਵਾਂ, ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਨੂੰ ਸਮਝਣਾ ਚਾਹੁੰਦੇ ਹੋਵੋ।
- ਜੇ ਤੁਸੀਂ ਉਦਾਸ, ਨਾ-ਉਮੀਦ, ਫਿਕਰਮੰਦ, ਡਰੇ ਹੋਏ ਜਾਂ ਇਕੱਲੇ ਮਹਿਸੂਸ ਕਰ ਰਹੇ ਹੋ।
- ਜਦੋਂ ਤੁਹਾਨੂੰ ਸਭਿਆਚਾਰਕ, ਧਾਰਮਿਕ, ਜਾਂ ਅਧਿਆਤਮਿਕ ਰਸਮਾਂ ਦੀ ਲੋੜ ਹੋਵੇ।

## ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ ਕੌਣ ਹਨ?

**Who are Spiritual Health Practitioners?**

- ਸਪਿਰਚੂਅਲ ਹੈਲਥ ਪ੍ਰੈਕਟੀਸ਼ਨਰ, ਹੈਲਥਕੇਅਰ ਪ੍ਰੋਫੈਸ਼ਨਲ ਹਨ ਜਿਨ੍ਹਾਂ ਕੋਲ ਸਾਰੇ ਲੋਕਾਂ ਦੀ ਵਿਅਕਤੀ 'ਤੇ ਕੇਂਦਰਿਤ ਅਧਿਆਤਮਿਕ ਦੇਖਭਾਲ, ਕੌਂਸਲਿੰਗ ਅਤੇ ਜਜ਼ਬਾਤੀ ਮਦਦ ਕਰਨ ਲਈ ਖਾਸ ਟਰੇਨਿੰਗ ਹੁੰਦੀ ਹੈ।
- ਉਹ ਵਾਲੰਟੀਅਰ ਨਹੀਂ ਹਨ ਅਤੇ ਉਹ ਕਿਸੇ ਖਾਸ ਧਰਮ ਜਾਂ ਮਤ ਵਾਲੇ ਗਰੁੱਪ ਦੀ ਨੁਮਾਇੰਦਗੀ ਨਹੀਂ ਕਰਦੇ।

## ਜੇ ਮੈਂ ਧਾਰਮਿਕ ਨਾ ਹੋਵਾਂ ਤਾਂ ਕੀ ਅਧਿਆਤਮਿਕ ਸਿਹਤ ਮੇਰੀ ਮਦਦ ਕਰਦੀ ਹੈ?

**Can Spiritual Health help me if I'm not religious?**

ਅਧਿਆਤਮਿਕ ਸਿਹਤ *ਸਾਰੇ* ਲੋਕਾਂ ਲਈ ਹੈ। ਇਹ ਸਮਝਣਾ ਕਿ ਤੁਹਾਡੀ ਜ਼ਿੰਦਗੀ ਨੂੰ ਕਿਹੜੀ ਚੀਜ਼ ਅਰਥ ਅਤੇ ਮੰਤਵ ਦਿੰਦੀ ਹੈ, ਉਹ ਦੇਖਭਾਲ ਕਰਨ ਵਿਚ ਸਾਡੀ ਮਦਦ ਕਰਦਾ ਹੈ ਜਿਹੜੀ ਤੁਹਾਡੇ ਲਈ ਸਹੀ ਹੈ।

## ਕੀ ਅਧਿਆਤਮਿਕ ਸਿਹਤ ਸਿਰਫ ਮਰੀਜ਼ਾਂ ਲਈ ਹੈ?

**Is Spiritual Health only for patients?**

ਅਧਿਆਤਮਿਕ ਸਿਹਤ ਵਿਚ ਮਦਦ ਤੁਹਾਡੇ ਲਈ ਅਤੇ ਤੁਹਾਡੇ ਪਿਆਰਿਆਂ ਲਈ ਉਪਲਬਧ ਹੈ।



CCO/McMurryJulie/Pixabay.com



ਦੂਜਾ ਪਾਸਾ ਦੇਖੋ...